# ਦਫਤਰ ਜ਼ਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ।

## ਹੁਕਮ

ਕੋਵਿਡ-19 (ਕਰੋਨਾ ਵਾਇਰਸ) ਦੀ ਰੋਕਥਾਮ ਲਈ ਇਸ ਦਫਤਰ ਵੱਲੋਂ ਜਾਰੀ ਕੀਤੇ ਗਏ ਹੁਕਮ/ਪਿੱਠਅੰਕਣ ਨੰਬਰ ਕੋਵਿਡ-19/69 ਮਿਤੀ 23.03.2020, ਨੰਬਰ ਕੋਵਿਡ/74-93 ਮਿਤੀ 24.03.2020 ਅਤੇ ਨੰਬਰ ਕੋਵਿਡ/98-150 ਮਿਤੀ 25.03.2020 ਰਾਹੀਂ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਕਰਫਿਊ ਲਾਗੂ ਕਰਨ ਸਬੰਧੀ ਹੁਕਮ ਕੀਤੇ ਗਏ ਸਨ ਪ੍ਰੰਤੂ ਆਮ ਲੋਕਾਂ ਦੀਆਂ ਰੋਜਾਨਾ ਦੀਆਂ ਜਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਹੁਕਮਾਂ ਵਿੱਚ ਆਂਸ਼ਿਕ ਸੋਧ ਕਰਦੇ ਹੋਏ ਕਰਫਿਊ ਦੌਰਾਨ ਹੇਠ ਲਿਖਿਆਂ ਸੁਵਿਧਾਵਾਂ ਸਬੰਧੀ ਢਿੱਲ ਦੇਣ ਦੀ ਪ੍ਰਵਾਨਗੀ ਜਾਰੀ ਕੀਤੀ ਜਾਂਦੀ ਹੈ:-

1. ਕੈਮਿਸਟਾਂ ਦੀਆਂ ਦੁਕਾਨਾਂ ਹੁਣ ਦਿਨ ਭਰ ਘਰ-ਘਰ ਦਵਾਈਆ ਪਹੁੰਚਾਉਣ ਦਾ ਕੰਮ ਕਰ ਸਕਦੀਆਂ ਹਨ। ਕੈਮਿਸਟਾਂ ਦਾ ਲਾਇਸੰਸ ਫਾਰਮ 20/21/21-ਸੀ ਜਿਸਦੇ ਉਪਰ ਉਹਨਾਂ ਦੀ ਫੋਟੋ ਲੱਗੀ ਹੋਵੇ ਉਹਨਾਂ ਦਾ ਕਰਫਿਊ ਪਾਸ ਮੰਨਿਆ ਜਾਵੇਗਾ। ਇਸ ਤੋਂ ਇਲਾਵਾ ਦਵਾਈਆਂ ਦੀ ਥੋਕ ਦੁਕਾਨਾਂ ਰੋਸਟਰ ਵਾਈਜ਼ (ਵਾਰੀ ਸਿਰ) ਖੁੱਲ੍ਹਣਗੀਆਂ, ਜਿਨ੍ਹਾਂ ਦਾ ਰੋਸਟਰ ਡਰੱਗ ਇੰਸਪੈਕਟਰ ਵੱਲੋਂ ਜਾਰੀ ਕੀਤਾ ਜਾਵੇਗਾ।

2. ਪੈਟਰੋਲ ਪੰਪ ਦਿਨ ਭਰ ਖੁੱਲੇ ਰਹਿ ਸਕਦੇ ਹਨ। ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਵੱਲੋਂ ਸਬੰਧਤ ਸਟਾਫ਼ ਨੂੰ ਪਰਮਿਟ ਜਾਰੀ ਕੀਤੇ ਜਾਣਗੇ।

3. ਖੇਤੀਬਾੜੀ ਉਪਜ ਦੀਆਂ ਫਸਲਾਂ ਜਿਵੇਂ ਗੰਨਾ, ਆਲੂ ਆਦਿ ਦੀ ਕਟਾਈ, ਸਟੋਰੇਜ਼, ਪ੍ਰੋਸੈਸਿੰਗ ਅਤੇ ਉਹਨਾਂ ਦੀ ਟ੍ਰਾਂਸਪੋਟੇਸ਼ਨ ਸਬੰਧੀ ਸੁਵਿਧਾ ਮੁਹੱਈਆ ਕਰਵਾਉਣ ਲਈ ਮੁੱਖ ਖੇਤੀਬਾੜੀ ਅਫਸਰ ਵੱਲੋਂ ਪਰਮਿਟ ਆਪਣੇ ਪੱਧਰ ਤੇ ਜਾਰੀ ਕੀਤੇ ਜਾਣਗੇ। ਖਾਦ, ਕੀੜੇਮਾਰ ਦਵਾਈਆਂ ਅਤੇ ਬੀਜ਼ਾਂ ਸਬੰਧੀ ਮੁੱਖ ਖੇਤੀਬਾੜੀ ਅਫਸਰ ਪਾਸੋਂ ਪਰਮਿਟ ਲੈਣ ਤੋਂ ਉਪਰੰਤ ਸਵੇਰੇ 09:00 ਵਜੇ ਤੋਂ ਸ਼ਾਮ 05:00 ਵਜੇ ਤੱਕ ਹੋਮ ਡਿਲਵਰੀ ਕੀਤੀ ਜਾ ਸਕਦੀ ਹੈ।

4. ਆਟਾ ਚੱਕੀਆਂ ਸਵੇਰੇ 08:00 ਵਜੇ ਤੋਂ ਸ਼ਾਮ 05:00 ਵਜੇ ਤੱਕ ਖੋਲੀਆਂ ਜਾ ਸਕਦੀਆਂ ਹਨ।

5. ਮਿਲਾਂ ਅਤੇ ਹੋਲਸੇਲ ਵਪਾਰੀਆਂ ਤੋਂ ਰੀਟੇਲ ਵਪਾਰੀਆਂ ਤੱਕ ਸਮਾਨ ਲਿਆਉਣ ਲਈ ਇਹਨਾਂ ਅਦਾਰਿਆਂ ਨੂੰ ਖੋਲ੍ਹਕੇ ਮਾਲ ਦੀ ਢੋਆ-ਢੁਆਈ ਕਰਨ ਦੀ ਆਗਿਆ ਹੋਵੇਗੀ। ਇਸ ਸਬੰਧੀ ਪਰਮਿੱਟ ਦਫ਼ਤਰ ਕਮਿਸ਼ਨਰ, ਪੁਲਿਸ, ਅੰਮ੍ਰਿਤਸਰ ਸ਼ਹਿਰੀ ਜਾਂ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਪਾਸੋਂ ਲਏ ਜਾ ਸਕਦੇ ਹਨ।

6. ਆਂਡੇ, ਬਰਾਇਲਰ ਅਤੇ ਪੋਲਟਰੀ ਅਤੇ ਸਬੰਧਤ ਹੋਰ ਉਤਪਾਦਾਂ ਦੀ ਹੋਮ ਡਿਲਵਰੀ ਡਿਪਟੀ ਡਾਇਰੈਕਟਰ, ਪਸ਼ੂ ਪਾਲਣ ਵਿਭਾਗ ਪਾਸੋਂ ਪਰਮਿਟ ਲੈਣ ਤੋਂ ਉਪਰੰਤ ਸਵੇਰੇ 08:00 ਵਜੇ ਤੋਂ ਸ਼ਾਮ 05:00 ਵਜੇ ਤੱਕ ਕੀਤੀ ਜਾ ਸਕਦੀ ਹੈ। ਵੈਟਨਰੀ ਸੇਵਾਵਾਂ ਵੀ ਡਿਪਟੀ ਡਾਇਰੈਕਟਰ, ਪਸ਼ੂ ਪਾਲਣ ਵਿਭਾਗ ਪਾਸੋਂ ਪਰਮਿਟ ਲੈਣ ਉਪਰੰਤ ਕਾਰਜਸ਼ੀਲ ਰਹਿ ਸਕਦੀਆਂ ਹਨ।

7. ਕੈਂਸਰ, ਦਿੱਲ ਅਤੇ ਸ਼ੂਗਰ ਦੇ ਮਰੀਜਾਂ, ਡਾਇਲੈਸਿਜ਼ ਕੇਸ, ਗਰਭਵਤੀ ਔਰਤਾਂ ਅਤੇ ਹੋਰ ਅਪਾਤਕਾਲੀਨ ਸਥਿਤੀ ਸਮੇਂ ਇਲਾਜ ਲਈ ਜਾਂਦੇ ਮਰੀਜਾਂ ਨੂੰ ਡਾਕਟਰ ਵੱਲੋਂ ਦਿੱਤੀ ਗਈ ਹਦਾਇਤ ਅਨੁਸਾਰ ਅਤੇ ਮੈਡੀਕਲ ਪ੍ਰਿਸਕ੍ਰਿਪਸ਼ਨ ਨਾਲ ਰੱਖਦੇ ਹੋਏ ਆਵਾਗਵਨ ਕਰਨ ਦੀ ਆਗਿਆ ਦਿੱਤੀ ਜਾਂਦੀ ਹੈ।

8. ਕਲੀਨਿਕ ਅਤੇ ਕਲੀਨੀਕਲ ਲੈਬੋਰਟਰੀਆਂ ਵੀ ਖੋਲੀਆਂ ਜਾ ਸਕਦੀਆਂ ਹਨ।

9. ਮੰਡੀਆਂ ਸਵੇਰੇ 3:00 ਵਜੇ ਤੋਂ ਸਵੇਰੇ 8:00 ਵਜੇ ਸਬੰਧਤ ਉਪ ਮੰਡਲ ਮੈਜਿਸਟਰੇਟ ਜਾਂ ਜ਼ਿਲ੍ਹਾ ਮੰਡੀ ਅਫਸਰ ਪਾਸੋਂ ਪਰਮਿਟ ਲੈਣ ਉਪਰੰਤ ਖੋਲ੍ਹੀਆ ਜਾ ਸਕਦੀਆਂ ਹਨ।

10. ਮਾਲ ਗੱਡੀਆਂ ਦੇ ਅਪਰੇਸ਼ਨ ਸਬੰਧੀ ਸਟਾਫ਼ ਨੂੰ ਪਰਮਿੱਟ ਦੇਣ ਲਈ ਮੰਡਲ ਰੇਲਵੇ ਮੈਨੇਜਰ, ਸਮਰੱਥ ਅਥਾਰਟੀ ਹੋਣਗੇ।

11. ਦੁੱਧ ਅਤੇ ਦੁੱਧ ਪਦਾਰਥਾਂ ਨੂੰ ਪ੍ਰੋਸੈਸ ਅਤੇ ਸਪਲਾਈ ਕਰਨ ਵਾਲੇ ਪਲਾਂਟਾਂ ਨੂੰ ਦੁੱਧ ਕੁਲੈਕਟ, ਟਰਾਂਸਪੋਰਟ, ਪ੍ਰੋਸੈਸਿੰਗ ਅਤੇ ਸਪਲਾਈ ਕਰਨ ਲਈ ਪਰਮਿਟ ਡਿਪਟੀ ਡਾਇਰੈਕਟਰ, ਡੇਅਰੀ ਵਿਭਾਗ ਵੱਲੋਂ ਜਾਰੀ ਕੀਤੇ ਜਾਣਗੇ।

ਉਕਤ ਦਿੱਤੇ ਹੁਕਮਾਂ ਵਿੱਚ ਕੋਵਿਡ-19 ਸਬੰਧੀ ਹਦਾਇਤਾਂ, ਜਿਵੇ ਕਿ ਮਾਸਕ, ਦਸਤਾਨਿਆਂ, ਸੈਨੀਟਾਈਜ਼ਰ ਦੀ ਸਪਲਾਈ, ਘੱਟੋ ਤੋਂ ਘੱਟ 2 ਮੀਟਰ ਦੀ ਸਮਾਜਿਕ ਦੂਰੀ ਆਦਿ ਦੀ ਪਾਲਣਾਂ ਦੁਕਾਨਦਾਰ, ਅਦਾਰੇ ਦੇ ਮਾਲਕ ਆਦਿ ਵੱਲੋਂ ਆਪਣੇ

DISTRICT MAGISTRATE AMRITSAR

Scanned with CamScanner

ਪੱਧਰ ਤੇ ਯਕੀਨੀ ਬਣਾਈ ਜਾਵੇਗੀ, ਜਿਸ ਦੀ ਪਰਮਿਟ ਜਾਰੀ ਕਰਨ ਵਾਲੇ ਅਧਿਕਾਰੀ ਵੱਲੋਂ ਕਦੇ ਵੀ ਪੜਤਾਲ ਕੀਤੀ ਜਾ ਸਕਦੀ ਹੈ।

ਇਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਉਕਤ ਸਹੂਲਤਾਂ ਸਬੰਧੀ ਢੋਆ-ਢੁਆਈ ਵਾਲੀਆਂ ਗੱਡੀਆਂ ਵਿੱਚ ਤਿੰਨ ਤੋਂ ਜਿਆਦਾ ਵਿਅਕਤੀ ਬੈਠੇ ਨਹੀਂ ਹੋਣੇ ਚਾਹੀਦੇ ਅਤੇ ਹਰੇਕ ਗੱਡੀ ਵਿੱਚ ਸੈਨੀਟਾਈਜਰ ਰੱਖਿਆ ਜਾਵੇ ਅਤੇ ਹਰੇਕ ਵਿਅਕਤੀ ਵੱਲੋਂ ਆਪਣੇ ਮੂੰਹ ਤੇ ਮਾਸਕ ਲਗਾਉਣਾ ਲਾਜਮੀ ਹੋਵੇਗਾ। ਹਰ ਪ੍ਰਕਾਰ ਦੀਆ ਕਰੋਨਾ ਵਾਈਰਸ ਨਾਲ ਸਬੰਧਤ ਸਾਵਧਾਨੀਆਂ ਦੀ ਪਾਲਣਾਂ ਕਰਨੀ ਜਰੂਰੀ ਹੋਵੇਗੀ।

ਜਿਲ੍ਹੇ ਦੇ ਸਮੂਹ ਉਪ ਮੰਡਲ ਮੈਜਿਸਟਰੇਟ, ਡਿਪਟੀ ਸੁਪਰਡੈਂਟ ਪੁਲਿਸ ਅਤੇ ਸਹਾਇਕ ਕਮਿਸ਼ਨਰ ਪੁਲਿਸ ਵੀ ਉਕਤ ਵਿਅਕਤੀਆਂ ਅਤੇ ਅਦਾਰਿਆਂ ਨੂੰ ਆਪਣੇ ਪੱਧਰ ਤੇ ਪ੍ਰਵਾਨਗੀ ਦੇਣ ਜਾਂ ਪਰਮਿਟ ਜਾਰੀ ਕਰਨ ਲਈ ਸਮਰੱਥ ਅਥਾਰਟੀ ਹੋਣਗੇ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਜਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

ਪਿੱਠਅੰਕਣ ਨੰਬਰ ਕੋਵਿਡ-19/ 167-225 ਮਿਤੀ: 27/3/2020

ਇਸ ਦਾ ਇੱਕ ਉਤਾਰਾ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਵਧੀਕ ਮੁੱਖ ਸਕੱਤਰ, ਗ੍ਰਹਿ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ।
3. ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ ਅਤੇ ਇੰਸਪੈਕਟਰ ਜਰਨਲ ਆਫ ਪੁਲਿਸ, ਇੰਨਟੈਲੀਜੈਂਸ, ਚੰਡੀਗੜ੍ਹ।
4. ਕਮਿਸ਼ਨਰ, ਜਲੰਧਰ ਮੰਡਲ, ਜਲੰਧਰ।
5. ਇੰਸਪੈਕਟਰ ਜਨਰਲ ਆਫ ਪੁਲਿਸ, ਅੰਮ੍ਰਿਤਸਰ।
6. ਜਿਲ੍ਹਾ ਤੇ ਸੈਸ਼ਨ ਜੱਜ, ਅੰਮ੍ਰਿਤਸਰ।
7. ਕਮਿਸ਼ਨਰ ਪੁਲਿਸ, ਅੰਮ੍ਰਿਤਸਰ (ਸ਼ਹਿਰ)।
8. ਕਮਿਸ਼ਨਰ, ਨਗਰ ਨਿਗਮ, ਅੰਮ੍ਰਿਤਸਰ।
9. ਸੀਨੀਅਰ ਪੁਲਿਸ ਕਪਤਾਨ, ਅੰਮ੍ਰਿਤਸਰ (ਦਿਹਾਤੀ)।
10. ਸਿਵਲ ਸਰਜਨ, ਅੰਮ੍ਰਿਤਸਰ।
11 ਸਮੂਹ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਅੰਮ੍ਰਿਤਸਰ।
12. ਜਿਲ੍ਹਾ ਲੋਕ ਤੇ ਸੰਪਰਕ ਅਫ਼ਸਰ, ਅੰਮ੍ਰਿਤਸਰ ਨੂੰ ਲੋਕਾਂ ਦੀ ਜਾਣਕਾਰੀ ਲਈ ਇਸ ਨੂੰ ਵੱਡੇ ਪੱਤਰ ਤੇ ਪ੍ਰਚਾਰ ਕਰਨ ਲਈ ਭੇਜਿਆ ਜਾਂਦਾ ਹੈ।
13 ਸਮੂਹ ਸਬੰਧਤ ਵਿਭਾਗਾਂ ਦੇ ਮੁੱਖੀ, ਜਿਲ੍ਹਾ ਅੰਮ੍ਰਿਤਸਰ।

ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

DISTRICT MAGISTRATE AMRITSAR

Scanned with CamScanner